ਜਦੋਂ ਸਰਕਾਰੀ ਮਸ਼ੀਨਰੀ, ਧਾਰਮਿਕ ਸੰਸਥਾਵਾਂ ਅਤੇ ਪ੍ਰਾਈਵੇਟ ਸੰਸਥਾਵਾਂ ਸੱਭ ਰਲਕੇ, ਆਪਣੇ ਆਪਣੇ ਜੋ ਖ਼ਜਾਨੇ ਜਾਂ ਆਦਾਰੇ ਇਹਨਾ ਦੇ ਅੰਡਰ ਹਨ। ਉਹ ਸੱਭ ਖ਼ਜਾਨਿਆ ਜਾਂ ਅਦਾਰਿਆਂ ਨੂੰ ਲੁੱਟਣ ਖੋਹਣ ਵਿੱਚ ਜੁੱਟ ਜਾਵਣ ਜਾਂ ਉਲਝ ਜਾਵਣ , ਤਾਂ ਫਿਰ ਇੱਥੇ ਇਹ ਕਹਿਣਾ ਬਹੁਤ ਹੀ ਉਚਿੱਤ ਅਤੈ ਢੁਕਵਾਂ ਹੋਉਗਾ। ਆਹ ਜਿਹੜਾ ਗੁਰੂ ਗਰੰਥ ਸਾਹਿਬ ਵਿੱਚ ਵਾਕ ਜਾਂ ਸ਼ਬਦ ਦਰਜ਼ ਕੀਤਾ ਹੈ, ਕਿ " ਰਾਜੇ ਸ਼ੀਂਹ ਅਤੇ ਮੁਕੱਦਮ ਕੁੱਤੇ " ਮਤਲਵ ਕਿ ਰਾਜੇ ਸ਼ੇਰਾਂ ਵਾਂਗੂੰ ਅਤੇ , ਬਾਕੀ ਵਕੀਲ ਤੇ ਅਹਿਲਕਾਰ ਕੁਤਿਆਂ ਵਾਙਰਾਂ ਲੁੱਟੀ ਜਾਂ ਖਾਈ ਜਾ ਰਹੇ ਹਨ। ਤਾਂ ਫਿਰ ਕੀ ਬਣੂੰ ਇਸ ਦੁਨੀਆ ਜਾਂ ਮੁਲਕਾਂ ਦਾ? ਸੱਚੇ ਪਾਤਸ਼ਾਹ ਜਾਂ ਵਾਹਿਗੁਰੂ ਤਾਂ ਇਸ ਗਲ ਦੇ ਬਾਰੇ 'ਚ ਪੂਰੀ ਤਰਾਂ ਨਾਲ ਜਾਣੀਕਾਰ ਜਾ ਪੁਰੀ ਤਰਾਂ ਨਾਲ ਵਾਕਿਫ ਹਨ। ਪਰ ਜਨਤਾ ਦਾ ਹਸ਼ਰ, ਆਉਣ ਵਾਲੇ ਸਮੈ ਵਿੱਚ ਕੀ ਹੋਵੇਗਾ, ਇਹ ਬਿਲਕੁਲ ਸਪਸ਼ਟ ਦਿਖਾਈ ਦੇ ਰਿਹਾ ਹੈ। ਇਹ ਕਹਾਵਤ ਕੌਣ ਨਹੀਂ ਜਾਣਦਾ, ਇੱਕਲਾ ਇੱਕ ਤੇ ਦੋ ਗਿਆਰਾਂ, ਅਤੇ ਫਿਰ ਤਿੰਨ ਤਾਂ ਸਵਾ ਸੌ ਬਰਾਬਰ ਹੋ ਸਕੈਂ।ਇੱਥੇ ਇਸ ਗਲ ਦਾ ਖਿਆਲ ਰੱਖਣਾ ਪਊਗਾ ਕਿ ਅਗਰ ਸਾਝੀਂਦਾਰਾ ਦੋ ਚੰਗੀਆਂ ਪਾਰਟੀਆਂ ਜਾਂ ਇਨਸਾਨਾਂ ਵਿੱਚ ਹੈ ਤਾਂ ਚੰਗਾ ਹੀ ਹੋਊਗਾ।ਜੇ ਕਹਾਵਤ ਵਾਲਾ ਹਿਸਾਬ ਇਹ ਹਹਿੰਦਾ ਕਿ ਦੋ ਚੰਗੀਆਂ ਪਾਰਟੀਆਂ ਦੇ ਇਕੱਠ ਨਾਲ ਸੰਸਾਰ ਦੀ ਜਨਤਾ ਨੂੰ 40 to 80% ਤੱਕ ਦਾ ਫਾਇਦਾ ਹੋ ਸਕੈਂ।ਜੇ ਇੱਕਲੇ ਮੁਲਕ ਜਾਂ ਪਾਰਟੀ ਤੋਂ 10% ਦਾ ਜੀ ਡੀ ਪੀ ਵਿੱਚ ਵਾਧਾ ਹੋਵਣ ਦੀ ਉਪੇਕਸ਼ਾ ਜਾਂ ਉਮੀਦ ਹੁੰਦੀ ਹੈ। ਤੇ ਬੁਰੇ ਪਾਸੇ ਵੱਲ ਹਿਸਾਬ ਨੂੰ ਚੰਗੇ ਪਾਸੇ ਨਾਲੋਂ ਦਸ ਨਾਲ ਗੁਣਾਂ ਕਰ ਲਵੇ ਜੀ। ਤਾਂ ਫਿਰ, ਇਹ ਸਾਰੀ ਖ਼ਲਕੱਤ ਕਿਧਰ ਨੂੰ ਜਾ ਰਹੀ ਹੈ ?